# ਟਾਈਫੌਇਡ ਵੈਕਸੀਨ

## Typhoid vaccine

ਕੁਝ ਦੇਸ਼ਾਂ ਵਿੱਚ ਯਾਤਰਾ ਕਰਨ ਵਾਲੇ ਜਾਂ ਕੰਮ ਕਰਨ ਵਾਲੇ ਲੋਕਾਂ ਲਈ ਟ੍ਰੈਵਲ ਵੈਕਸੀਨਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਯਾਤਰਾ 'ਤੇ ਜਾਣ ਤੋਂ ਘੱਟੋ-ਘੱਟ 6 ਤੋਂ 8 ਹਫ਼ਤੇ ਪਹਿਲਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰਨਾ ਜਾਂ ਕਿਸੇ ਟ੍ਰੈਵਲ ਕਲੀਨਿਕ ਵਿਖੇ ਜਾਣਾ ਮਹੱਤਵਪੂਰਨ ਹੈ।

ਜ਼ਿਆਦਾਤਰ ਟ੍ਰੈਵਲ ਵੈਕਸੀਨਾਂ ਸੂਬਾਈ ਮੈਡੀਕਲ ਸਰਵਿਸਿਜ਼ ਪਲਾਨ (MSP) ਦੁਆਰਾ ਕਵਰ ਨਹੀਂ ਕੀਤੀਆਂ ਜਾਂਦੀਆਂ ਹਨ। ਲਾਗਤ ਦਾ ਪਤਾ ਲਗਾਉਣ ਲਈ ਆਪਣੇ ਸਥਾਨਕ ਟ੍ਰੈਵਲ ਕਲੀਨਿਕ ਨਾਲ ਸੰਪਰਕ ਕਰੋ।

ਤੁਹਾਨੂੰ ਪਹਿਲਾਂ ਲੱਗੀਆਂ ਸਾਰੀਆਂ ਵੈਕਸੀਨਾਂ ਦਾ ਰਿਕਾਰਡ ਟ੍ਰੈਵਲ ਕਲੀਨਿਕ ਵਿੱਚ ਲੈ ਕੇ ਆਓ। ਤੁਹਾਨੂੰ ਮਿਲਣ ਵਾਲੀਆਂ ਟ੍ਰੈਵਲ ਵੈਕਸੀਨਾਂ ਦਾ ਰਿਕਾਰਡ ਰੱਖਣਾ ਅਤੇ ਇਸਨੂੰ ਆਪਣੀ ਯਾਤਰਾ 'ਤੇ ਆਪਣੇ ਨਾਲ ਲੈਕੇ ਜਾਣਾ ਮਹੱਤਵਪੂਰਨ ਹੈ।

### ਟਾਈਫੌਇਡ ਵੈਕਸੀਨ ਕੀ ਹੈ?

ਇਹ ਵੈਕਸੀਨ ਟਾਈਫੌਇਡ ਬਿਮਾਰੀ ਤੋਂ ਬਚਾਅ ਵਿੱਚ ਮਦਦ ਕਰਦੀ ਹੈ। ਇਹ ਲਾਗ ਸੈਲਮੋਨੈਲਾ ਟਾਇਫੀ (Salmonella typhi) ਬੈਕਟੀਰੀਆ ਕਾਰਨ ਹੁੰਦੀ ਹੈ। ਵੈਕਸੀਨ ਹੈਲਥ ਕੈਨੇਡਾ ਦੁਆਰਾ ਮਾਨਤਾ ਪ੍ਰਾਪਤ ਹੈ।

ਟਾਈਫੌਇਡ ਵੈਕਸੀਨ ਤੁਹਾਨੂੰ ਬਿਮਾਰੀ ਤੋਂ ਕੁਝ ਸੁਰੱਖਿਆ ਦੇਵੇਗੀ (ਇਹ ਲਗਭਗ 50 ਤੋਂ 55 ਪ੍ਰਤੀਸ਼ਤ ਪ੍ਰਭਾਵਸ਼ਾਲੀ ਹੈ)। ਚੰਗੀ ਨਿੱਜੀ ਸਫਾਈ ਰੱਖਣਾ ਬਹੁਤ ਮਹੱਤਵਪੂਰਨ ਹੈ। ਆਪਣੀ ਯਾਤਰਾ ਦੌਰਾਨ ਖਾਣ-ਪੀਣ ਸੰਬੰਧੀ ਸਾਵਧਾਨੀਆਂ ਵਰਤੋ।

### ਵੈਕਸੀਨ ਕਿਸਨੂੰ ਲਗਵਾਉਣੀ ਚਾਹੀਦੀ ਹੈ?

ਅਫਗਾਨਿਸਤਾਨ, ਭਾਰਤ, ਨੇਪਾਲ, ਬੰਗਲਾਦੇਸ਼, ਮਾਲਦੀਵ, ਸ਼੍ਰੀਲੰਕਾ ਅਤੇ ਭੂਟਾਨ ਸਮੇਤ ਦੱਖਣੀ ਏਸ਼ੀਆ ਵਿੱਚ 3 ਹਫ਼ਤਿਆਂ ਜਾਂ ਇਸ ਤੋਂ ਵੱਧ ਸਮੇਂ ਲਈ ਯਾਤਰਾ ਕਰਨ ਵਾਲੇ ਜਾਂ ਕੰਮ ਕਰਨ ਵਾਲੇ ਲੋਕਾਂ ਨੂੰ ਵੈਕਸੀਨ ਲਗਵਾਉਣ ਦੀ ਲੋੜ ਹੋ ਸਕਦੀ ਹੈ। ਇਹਨਾਂ ਉੱਚ-ਜੋਖਮ ਵਾਲੇ ਖੇਤਰਾਂ ਵਿੱਚ ਤੁਹਾਡੀ ਦੂਸ਼ਿਤ ਭੋਜਨ ਅਤੇ ਪਾਣੀ ਦੇ ਸੰਪਰਕ ਵਿੱਚ ਆਉਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ।

ਜੇਕਰ ਤੁਸੀਂ ਅਫਰੀਕਾ, ਏਸ਼ੀਆ, ਕੈਰੇਬੀਅਨ, ਮੱਧ ਅਤੇ ਦੱਖਣੀ ਅਮਰੀਕਾ ਸਮੇਤ ਘੱਟ ਜੋਖਮ ਵਾਲੇ ਖੇਤਰਾਂ ਵਿੱਚ ਯਾਤਰਾ ਕਰ ਰਹੇ ਹੋ, ਤਾਂ ਟ੍ਰੈਵਲ ਕਲੀਨਿਕ ਦਾ ਡਾਕਟਰ ਜਾਂ ਨਰਸ ਤੁਹਾਨੂੰ ਇਹ ਸਲਾਹ ਦੇਵੇਗੀ ਕਿ ਕੀ ਤੁਹਾਨੂੰ ਵੈਕਸੀਨ ਲਗਵਾਉਣੀ ਚਾਹੀਦੀ ਹੈ।

ਇਹਨਾਂ ਲਈ ਵੀ ਇਸ ਵੈਕਸੀਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ:

- ਨਿਯਮਿਤ ਤੌਰ 'ਤੇ ਟਾਈਫੌਇਡ ਬੈਕਟੀਰੀਆ ਦੇ ਸੰਪਰਕ ਵਿੱਚ ਆਉਣ ਵਾਲੇ ਕਾਮੇ, ਜਿਵੇਂ ਕਿ ਕੁਝ ਖੋਜਕਰਤਾ ਅਤੇ ਪ੍ਰਯੋਗਸ਼ਾਲਾ ਕਰਮਚਾਰੀ
- ਉਹ ਲੋਕ ਜੋ ਟਾਈਫੌਇਡ ਦੇ ਵਾਹਕ (carrier) ਵਿਅਕਤੀ ਦੇ ਨਾਲ ਇੱਕੋ ਘਰ ਵਿੱਚ ਰਹਿੰਦੇ ਹਨ ਜਾਂ ਉਸ ਨਾਲ ਜਿਨਸੀ ਸੰਪਰਕ ਰੱਖਦੇ ਹਨ।

### ਵੈਕਸੀਨ ਕਿਵੇਂ ਦਿੱਤੀ ਜਾਂਦੀ ਹੈ?

ਟਾਈਫੌਇਡ ਵੈਕਸੀਨ ਜਾਂ ਤਾਂ ਮੌਖਿਕ ਤੌਰ 'ਤੇ (ਮੂੰਹ ਰਾਹੀਂ ਦਿੱਤੀ ਜਾਂਦੀ ਹੈ) ਜਾਂ ਟੀਕੇ ਰਾਹੀਂ ਦਿੱਤੀ ਜਾਂਦੀ ਹੈ (ਸੂਈ ਰਾਹੀਂ ਦਿੱਤੀ ਜਾਂਦੀ ਹੈ)।

**ਓਰਲ ਟਾਈਫੌਇਡ ਵੈਕਸੀਨ**

ਮੂੰਹ ਰਾਹੀਂ ਦਿੱਤੀ ਜਾਣ ਵਾਲੀ ਟਾਈਫੌਇਡ ਵੈਕਸੀਨ ਕੈਪਸੂਲ ਦੇ ਰੂਪ ਵਿੱਚ ਖੁਰਾਕਾਂ ਦੀ ਇੱਕ ਲੜੀ ਦੀ ਤਰ੍ਹਾਂ ਦਿੱਤੀ ਜਾਂਦੀ ਹੈ। ਯਾਤਰਾ ਕਰਨ ਤੋਂ ਘੱਟੋ-ਘੱਟ ਇੱਕ ਹਫ਼ਤਾ ਪਹਿਲਾਂ ਖੁਰਾਕਾਂ ਦੀ ਲੜੀ ਨੂੰ ਪੂਰਾ ਕਰੋ।

ਬਾਲਗਾਂ ਅਤੇ 5 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬੱਚਿਆਂ ਨੂੰ ਵੈਕਸੀਨ ਦੇ ਕੈਪਸੂਲ ਰੂਪ ਦੀਆਂ 4 ਖੁਰਾਕਾਂ ਦਿੱਤੀਆਂ ਜਾਂਦੀਆਂ ਹਨ।

ਵੈਕਸੀਨ ਤੁਹਾਨੂੰ ਘਰ ਵਿਖੇ ਲੈਣ ਲਈ ਦਿੱਤੀ ਜਾਵੇਗੀ। ਟ੍ਰੈਵਲ ਕਲੀਨਿਕ ਵੈਕਸੀਨ ਕਿਵੇਂ ਲੈਣੀ ਹੈ ਬਾਰੇ ਹਦਾਇਤਾਂ ਪ੍ਰਦਾਨ ਕਰੇਗਾ। ਹਦਾਇਤਾਂ ਦੀ ਪਾਲਣਾ ਕਰਨਾ ਮਹੱਤਵਪੂਰਨ ਹੈ।

ਮੂੰਹ ਰਾਹੀਂ ਦਿੱਤੀ ਜਾਣ ਵਾਲੀ ਵੈਕਸੀਨ ਲਗਭਗ 7 ਸਾਲਾਂ ਤੱਕ ਟਾਈਫੌਇਡ ਤੋਂ ਸੁਰੱਖਿਆ ਪ੍ਰਦਾਨ ਕਰਦੀ ਹੈ ਪਰ 4 ਸਾਲਾਂ ਤੱਕ ਲਈ ਸਭ ਤੋਂ ਵਧੀਆ ਸੁਰੱਖਿਆ ਪ੍ਰਦਾਨ ਕਰਦੀ ਹੈ। ਜੇਕਰ ਤੁਸੀਂ ਕੁਝ ਖਾਸ ਖੇਤਰਾਂ ਵਿੱਚ ਯਾਤਰਾ ਜਾਂ ਕੰਮ ਕਰਨਾ ਜਾਰੀ ਰੱਖਦੇ ਹੋ ਤਾਂ 4 ਸਾਲਾਂ ਬਾਅਦ ਦੁਬਾਰਾ ਟੀਕਾਕਰਨ ਕਰਵਾਉਣ ਬਾਰੇ ਵਿਚਾਰ ਕਰੋ।

**ਮੂੰਹ ਰਾਹੀਂ ਲਈ ਜਾਣ ਵਾਲੀ (ਓਰਲ) ਵੈਕਸੀਨ ਕਿਸਨੂੰ ਨਹੀਂ ਦਿੱਤੀ ਜਾਣੀ ਚਾਹੀਦੀ?**

ਕਿਸੇ ਟ੍ਰੈਵਲ ਕਲੀਨਿਕ ਡਾਕਟਰ ਜਾਂ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜੇਕਰ:

- ਤੁਹਾਨੂੰ ਟਾਈਫੌਇਡ ਵੈਕਸੀਨ ਦੀ ਪਹਿਲਾਂ ਦਿੱਤੀ ਗਈ ਖੁਰਾਕ ਜਾਂ ਵੈਕਸੀਨ ਦੇ ਕਿਸੇ ਅੰਸ਼ ਪ੍ਰਤੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਪ੍ਰਤੀਕ੍ਰਿਆ ਹੋਈ ਸੀ
- ਤੁਹਾਡਾ ਇਮਿਊਨ ਸਿਸਟਮ ਬਿਮਾਰੀ ਜਾਂ ਡਾਕਟਰੀ ਇਲਾਜ ਦੁਆਰਾ ਕਮਜ਼ੋਰ ਹੋ ਗਿਆ ਹੈ
- ਤੁਹਾਨੂੰ ਮਤਲੀ ਅਤੇ ਉਲਟੀਆਂ ਦੇ ਨਾਲ ਪੇਟ ਦੀ ਬਿਮਾਰੀ ਹੈ
- ਤੁਹਾਨੂੰ ਕਰੌਨਿਕ ਇੰਨਫਲੇਮੇਟਰੀ ਬਾਊਲ ਡਿਜ਼ੀਜ਼ (chronic inflammatory bowel disease) ਹੈ ਜਾਂ
- ਤੁਸੀਂ ਗਰਭਵਤੀ ਹੋ

**ਟਾਈਫੌਇਡ ਵੈਕਸੀਨ ਦਾ ਟੀਕਾ**

ਟਾਈਫੌਇਡ ਵੈਕਸੀਨ ਦਾ ਟੀਕਾ ਬਾਲਗਾਂ ਅਤੇ 2 ਸਾਲ ਅਤੇ ਉਸਤੋਂ ਵੱਧ ਉਮਰ ਦੇ ਬੱਚਿਆਂ ਲਈ ਹੈ।

ਤੁਹਾਨੂੰ ਸੂਈ ਰਾਹੀਂ ਦਿੱਤੀ ਗਈ ਟੀਕੇ ਦੀ ਇੱਕ ਖੁਰਾਕ ਮਿਲੇਗੀ। ਤੁਹਾਨੂੰ ਯਾਤਰਾ ਤੋਂ ਘੱਟੋ-ਘੱਟ 2 ਹਫ਼ਤੇ ਪਹਿਲਾਂ ਵੈਕਸੀਨ ਲਗਵਾਉਣੀ ਚਾਹੀਦੀ ਹੈ।

ਟੀਕੇ ਦੁਆਰਾ ਲਗਾਈ ਜਾਣ ਵਾਲੀ ਵੈਕਸੀਨ ਲਗਭਗ 3 ਸਾਲਾਂ ਤੱਕ ਟਾਈਫੌਇਡ ਤੋਂ ਸੁਰੱਖਿਆ ਪ੍ਰਦਾਨ ਕਰਦੀ ਹੈ। ਜੇਕਰ ਤੁਸੀਂ ਕੁਝ ਖਾਸ ਖੇਤਰਾਂ ਵਿੱਚ ਯਾਤਰਾ ਜਾਂ ਕੰਮ ਕਰਨਾ ਜਾਰੀ ਰੱਖਦੇ ਹੋ ਤਾਂ ਦੁਬਾਰਾ ਟੀਕਾਕਰਨ ਕਰਵਾਉਣ ਬਾਰੇ ਵਿਚਾਰ ਕਰੋ।

**ਕਿਸਨੂੰ ਵੈਕਸੀਨ ਦਾ ਟੀਕਾ ਨਹੀਂ ਲਗਵਾਉਣਾ ਚਾਹੀਦਾ?**

ਜੇ ਤੁਹਾਨੂੰ ਟਾਈਫੌਇਡ ਵੈਕਸੀਨ ਦੀ ਪਹਿਲਾਂ ਦਿੱਤੀ ਗਈ ਖੁਰਾਕ ਜਾਂ ਵੈਕਸੀਨ ਦੇ ਕਿਸੇ ਅੰਸ਼ ਪ੍ਰਤੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਪ੍ਰਤੀਕ੍ਰਿਆ ਹੋਈ ਸੀ ਤਾਂ ਕਿਸੇ ਟ੍ਰੈਵਲ ਕਲੀਨਿਕ ਡਾਕਟਰ ਜਾਂ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## ਵੈਕਸੀਨ ਦੇ ਬਾਅਦ ਦੀਆਂ ਸੰਭਾਵੀ ਪ੍ਰਤੀਕਿਰਿਆਵਾਂ ਕੀ ਹਨ?

ਵੈਕਸੀਨਾਂ ਬਹੁਤ ਸੁਰੱਖਿਅਤ ਹੁੰਦੀਆਂ ਹਨ। ਵੈਕਸੀਨ ਲਗਵਾਉਣਾ ਟਾਈਫੌਇਡ ਦਾ ਸ਼ਿਕਾਰ ਹੋਣ ਤੋਂ ਜਿਆਦਾ ਸੁਰੱਖਿਅਤ ਹੈ।

ਟਾਈਫੌਇਡ ਵੈਕਸੀਨ ਪ੍ਰਤੀ ਪ੍ਰਤੀਕ੍ਰਿਆਵਾਂ ਆਮ ਤੌਰ 'ਤੇ ਹਲਕੀਆਂ ਅਤੇ ਅਸਥਾਈ ਹੁੰਦੀਆਂ ਹਨ। ਮੂੰਹ ਰਾਹੀਂ ਲਈ ਜਾਣ ਵਾਲੀ ਵੈਕਸੀਨ ਦੀਆਂ ਸੰਭਾਵੀ ਪ੍ਰਤੀਕ੍ਰਿਆਵਾਂ ਵਿੱਚ ਪੇਟ ਦਰਦ, ਦਸਤ, ਮਤਲੀ, ਉਲਟੀਆਂ, ਬੁਖਾਰ, ਜਾਂ ਚਮੜੀ 'ਤੇ ਧੱਫੜ ਸ਼ਾਮਲ ਹਨ। ਟੀਕੇ ਪ੍ਰਤੀ ਸੰਭਾਵੀ ਪ੍ਰਤੀਕਿਰਿਆਵਾਂ ਵਿੱਚ ਵੈਕਸੀਨ ਲਗਾਈ ਜਾਣ ਵਾਲੀ ਥਾਂ 'ਤੇ ਦਰਦ, ਲਾਲੀ ਅਤੇ ਸੋਜ ਸ਼ਾਮਲ ਹਨ। ਬੁਖਾਰ ਅਤੇ ਸਿਰ ਦਰਦ ਵੀ ਆਮ ਹਨ।

> ਬੁਖਾਰ ਜਾਂ ਜਲਨ ਲਈ ਅਸੀਟਾਮੇਨੋਫੇਨ (acetaminophen) (ਉਦਾਹਰਣ ਲਈ ਟਾਇਲੇਨੋਲ (Tylenol®)) ਜਾਂ ਆਈਬਿਊਪ੍ਰੋਫੇਨ* (ਉਦਹਾਰਣ ਲਈ ਐਡਵਿਲ (Advil®)) ਦਿੱਤੀ ਜਾ ਸਕਦੀ ਹੈ। ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਏਐਸਏ (ASA) (ਉਦਹਾਰਣ ਲਈ ਐਸਪਰੀਨ (Aspirin®)) ਨਹੀਂ ਦਿੱਤੀ ਜਾਣੀ ਚਾਹੀਦੀ।

*ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨਾਲ ਪਹਿਲਾਂ ਗੱਲ ਕੀਤੇ ਬਿਨਾਂ 6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਆਈਬਿਊਪਰੋਫ਼ੈਨ ਨਹੀਂ ਦਿੱਤੀ ਜਾਣੀ ਚਾਹੀਦੀ।

ਰੇਏ ਸਿੰਡਰੋਮ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ HealthLinkBC File #84 ਰੇਏ ਸਿੰਡਰੋਮ 'ਤੇ ਜਾਓ।

ਕੋਈ ਵੀ ਵੈਕਸੀਨ ਲੈਣ ਤੋਂ ਬਾਅਦ 15 ਮਿੰਟਾਂ ਲਈ ਕਲੀਨਿਕ ਵਿੱਚ ਰਹਿਣਾ ਮਹੱਤਵਪੂਰਨ ਹੈ। ਐਨਾਫਲੈਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ ਸੰਭਾਵਨਾ ਹੋ ਸਕਦੀ ਹੈ। ਅਜਿਹਾ ਵੈਕਸੀਨ ਪ੍ਰਾਪਤ ਕਰਨ ਵਾਲੇ ਇੱਕ ਮਿਲੀਅਨ ਵਿੱਚੋਂ ਇੱਕ ਤੋਂ ਵੀ ਘੱਟ ਲੋਕਾਂ ਵਿੱਚ ਹੁੰਦਾ ਹੈ। ਲੱਛਣਾਂ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇਕਰ ਇਹ ਪ੍ਰਤੀਕਿਰਿਆ ਹੁੰਦੀ ਹੈ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਸਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਏਪੀਨੇਫ੍ਰਿਨ (ਐਡਰੇਨਲਿਨ) ਦਿੱਤੇ ਜਾਣਾ ਅਤੇ ਐਂਬੂਲੈਂਸ ਦੁਆਰਾ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਟ੍ਰਾਂਸਫਰ ਕਰਨਾ ਸ਼ਾਮਲ ਹੈ। ਜੇਕਰ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਅਦ ਲੱਛਣ ਪੈਦਾ ਹੁੰਦੇ ਹਨ, ਤਾਂ **9-1-1** 'ਤੇ ਜਾਂ ਸਥਾਨਕ ਐਮਰਜੈਂਸੀ ਨੰਬਰ 'ਤੇ ਕਾਲ ਕਰੋ।

ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਹਮੇਸ਼ਾ ਗੰਭੀਰ ਜਾਂ ਅਚਾਨਕ ਹੋਣ ਵਾਲੀਆਂ ਪ੍ਰਤੀਕਿਰਿਆਵਾਂ ਦੀ ਰਿਪੋਰਟ ਕਰੋ।

## ਟਾਈਫੌਇਡ ਬੁਖਾਰ ਕੀ ਹੈ?

ਟਾਈਫੌਇਡ *ਸੈਲਮੋਨੈਲਾ ਟਾਇਫ਼ੀ* (*Salmonella typhi*) ਬੈਕਟੀਰੀਆ ਕਾਰਨ ਹੋਣ ਵਾਲੀ ਗੰਭੀਰ ਅਤੇ ਜਾਨਲੇਵਾ ਲਾਗ ਹੈ। ਬਿਮਾਰ ਹੋਣ ਵਾਲੇ ਹਰ 10 ਲੋਕਾਂ ਵਿੱਚੋਂ, 2 ਲੋਕਾਂ ਤੱਕ ਦੀ ਮੌਤ ਹੋ ਸਕਦੀ ਹੈ ਜੇਕਰ ਉਹਨਾਂ ਨੂੰ ਐਂਟੀਬਾਇਓਟਿਕਸ ਨਾਲ ਜਲਦੀ ਇਲਾਜ

ਨਹੀਂ ਮਿਲਦਾ। ਇਲਾਜ ਪ੍ਰਾਪਤ ਕਰਨ ਵਾਲੇ ਲੋਕਾਂ ਵਿੱਚੋਂ, ਇੱਕ ਪ੍ਰਤੀਸ਼ਤ ਤੋਂ ਵੀ ਘੱਟ ਦੀ ਮੌਤ ਹੋਵੇਗੀ।

ਲਾਗ ਦੇ ਲੱਛਣਾਂ ਵਿੱਚ ਕਬਜ਼, ਤੇਜ਼ ਬੁਖਾਰ, ਸਿਰ ਦਰਦ, ਥਕਾਵਟ, ਭੁੱਖ ਨਾ ਲੱਗਣਾ, ਚੱਕਰ ਆਉਣਾ, ਖੰਘ ਅਤੇ ਧੜ (ਸਿਰ ਅਤੇ ਲੱਤਾਂ ਅਤੇ ਬਾਹਵਾਂ ਨੂੰ ਛੱਡ ਕੇ ਸਰੀਰ) 'ਤੇ ਧੱਫੜ ਸ਼ਾਮਲ ਹਨ। ਲਾਗ ਕਾਰਨ ਅੰਤੜੀਆਂ ਵਿੱਚ ਗੰਭੀਰ ਢੰਗ ਨਾਲ ਖ਼ੂਨ ਵੀ ਵਹਿ ਸਕਦਾ ਹੈ। ਲੱਛਣ ਆਮ ਤੌਰ 'ਤੇ ਲਾਗ ਲੱਗਣ ਤੋਂ ਬਾਅਦ ਇੱਕ ਤੋਂ 3 ਹਫ਼ਤਿਆਂ ਬਾਅਦ ਵਾਪਰਦੇ ਹਨ ਪਰ ਲਾਗ ਲੱਗਣ ਤੋਂ ਬਾਅਦ 3 ਦਿਨਾਂ ਤੋਂ 60 ਦਿਨਾਂ ਦੇ ਵਿਚਕਾਰ ਕਿਸੇ ਵੀ ਸਮੇਂ ਹੋ ਸਕਦੇ ਹਨ।

*ਸੈਲਮੋਨੈਲਾ ਟਾਇਫੀ* ਬੈਕਟੀਰੀਆ ਸੰਕਰਮਿਤ ਲੋਕਾਂ ਦੀਆਂ ਅੰਤੜੀਆਂ ਦੀਆਂ ਹਰਕਤਾਂ (ਮਲ) ਅਤੇ ਪਿਸ਼ਾਬ ਵਿੱਚ ਹੁੰਦੇ ਹਨ। ਜਿਹੜੇ ਲੋਕ ਹੱਥਾਂ ਨੂੰ ਚੰਗੀ ਤਰ੍ਹਾਂ ਧੋਤੇ ਬਿਨਾਂ ਬਾਥਰੂਮ ਦੀ ਵਰਤੋਂ ਬਿਨਾਂ ਕਰਦੇ ਹਨ, ਉਹ ਬੈਕਟੀਰੀਆ ਦੂਜਿਆਂ ਤੱਕ ਪਹੁੰਚਾ ਸਕਦੇ ਹਨ। ਇਹ ਭੋਜਨ ਤਿਆਰ ਕਰਨ ਜਾਂ ਮੂੰਹ ਨਾਲ ਹੱਥ ਦੇ ਸੰਪਰਕ ਰਾਹੀਂ ਹੁੰਦਾ ਹੈ। ਤੁਸੀਂ ਗੰਦਮੰਦ (sewage) ਨਾਲ ਦੂਸ਼ਿਤ ਪਾਣੀ ਪੀਣ ਨਾਲ ਬਿਮਾਰ ਹੋ ਸਕਦੇ ਹੋ। ਗੰਦਮੰਦ (sewage) ਨਾਲ ਪ੍ਰਦੂਸ਼ਿਤ ਖੇਤਰਾਂ ਤੋਂ ਲਈ ਗਈ ਸ਼ੈਲਫਿਸ਼ ਖਾਣਾ ਜਾਂ ਅਜਿਹੇ ਕੱਚੇ ਫਲ ਅਤੇ ਸਬਜ਼ੀਆਂ ਖਾਣਾ ਜਿਨ੍ਹਾਂ ਨੂੰ ਮਨੁੱਖੀ ਮਲ-ਮੂਤਰ ਨਾਲ ਖਾਦ ਪਾਈ ਗਈ ਹੋ ਸਕਦੀ ਹੈ, ਵੀ ਤੁਹਾਨੂੰ ਜੋਖਮ ਵਿੱਚ ਪਾਵੇਗਾ। ਬਿਮਾਰੀ ਤੋਂ ਠੀਕ ਹੋਣ ਦੇ ਬਾਵਜੂਦ, ਕੁਝ ਲੋਕ ਟਾਈਫੌਇਡ ਬੈਕਟੀਰੀਆ ਦੇ ਵਾਹਕ (carriers) ਹੋ ਸਕਦੇ ਹਨ ਅਤੇ ਦੂਜਿਆਂ ਤੱਕ ਬਿਮਾਰੀ ਫੈਲਾ ਸਕਦੇ ਹਨ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਤਾ-ਪਿਤਾ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਨ (ਇਮਿਊਨਾਈਜ਼ੇਸ਼ਨ) ਲਈ ਸਹਿਮਤੀ ਬਾਰੇ ਚਰਚਾ ਕਰਨ। 19 ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਹੜੇ ਹਰ ਵੈਕਸੀਨ ਦੇ ਲਾਭ ਅਤੇ ਸੰਭਵ ਪ੍ਰਤੀਕਿਰਿਆਵਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਦੇ ਜੋਖਮ ਸਮਝਣ ਦੇ ਕਾਬਲ ਹੋਣ, ਕਾਨੂੰਨੀ ਤੌਰ ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਉਸ ਲਈ ਇਨਕਾਰ ਕਰ ਸਕਦੇ ਹਨ। ਸਿਆਣੇ ਨਾਬਾਲਗਾਂ ਦੀ ਸਹਿਮਤੀ ਬਾਰੇ ਹੋਰ ਜਾਣਕਾਰੀ ਵਾਸਤੇ HealthLinkBC File #119 ਦ ਇੰਨਫੈਂਟਸ ਐਕਟ, ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ 'ਤੇ ਜਾਓ।

## ਹੋਰ ਜਾਣਕਾਰੀ ਲਈ

ਬੀ.ਸੀ. ਵਿੱਚ ਟ੍ਰੈਵਲ ਕਲੀਨਿਕਾਂ ਦੀ ਸੂਚੀ ਲਈ, ਪਬਲਿਕ ਹੈਲਥ ਏਜੰਸੀ ਔਫ ਕੈਨੇਡਾ: www.canada.ca/en/public-health/services/travel-health/yellow-fever/vaccination-centres-canada-british-columbia.html 'ਤੇ ਜਾਓ।

ਟ੍ਰੈਵਲ ਵਾਕਸੀਨਾਂ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ, HealthLinkBC File #41c ਬਾਲਗਾਂ ਲਈ ਟ੍ਰੈਵਲ ਇਮਿਊਨਾਈਜ਼ੇਸ਼ਨਾਂ 'ਤੇ ਜਾਓ।